# ਪ੍ਰੇਮ
# 1 ਕੁਰਿੰਥੀਆਂ 13

*''ਆਗਿਆ ਦਾ ਤਾਤਪਰਜ ਉਹ ਪ੍ਰੇਮ ਹੈ ਜਿਹੜਾ ਸ਼ੁੱਧ ਮਨ ਅਤੇ ਸਾਫ਼ ਅੰਤਹਕਰਨ ਅਤੇ ਨਿਸ਼ਕਪਟ ਨਿਹਚਾ ਤੋਂ ਹੁੰਦਾ ਹੈ''(1 ਤਿਮੋਥਿਉਸ 1:5)।*

''ਆਗਿਆ ਦਾ ਤਾਤਪਰਜ ਉਹ ਪ੍ਰੇਮ ਹੈ ... ''(1 ਤਿਮੋਥਿਉਸ 1:5)। ਜ਼ਿੰਦਗੀ ਅਤੇ ਮਸੀਹੀਅਤ ਦੋਹਾਂ ਵਿਚ ਅਖ਼ੀਰੀ ਭਲਿਆਈ ਪਿਆਰ ਵਿਚ ਹੀ ਹੈ। ''ਹੁਣ ਤਾਂ ਨਿਹਚਾ, ਆਸ਼ਾ, ਪ੍ਰੇਮ, ਇਹ ਤਿੰਨੇ ਰਹਿੰਦੇ ਹਨ ਪਰ ਇਨ੍ਹਾਂ ਵਿੱਚੋਂ ਉੱਤਮ ਪ੍ਰੇਮ ਹੀ ਹੈ'' (1 ਕੁਰਿੰਥੀਆਂ 13:13); ''ਪਰ ... ਮੈਂ ਤੁਹਾਨੂੰ ਇਕ ਬਹੁਤ ਹੀ ਸਰੇਸ਼ਟ ਮਾਰਗ ਦੱਸਦਾ ਹਾਂ''(1 ਕੁਰਿੰਥੀਆਂ 12:31)। ਪ੍ਰੇਮ ਹੋਰ ਵੀ ਉੱਤਮ ਰਾਹ ਹੈ। ਪ੍ਰੇਮ ਦਾ ਸਬੰਧ ਮਸੀਹੀਅਤ ਨਾਲ ਹੈ। ਤੁਸੀਂ ਬੁੱਧ ਧਰਮ, ਹਿੰਦੂ ਧਰਮ, ਇਸਲਾਮ ਜਾਂ ਨਵੇਂ ਯੁਗ ਦੇ ਦੀਨਾਂ ਨੂੰ ਪ੍ਰੇਮ ਨਾਲ ਕਦੇ ਨਹੀਂ ਉਲਝਾਉਂਦੇ। ਪਰਮੇਸ਼ੁਰ ਪ੍ਰੇਮ ਹੈ (1 ਯੂਹੰਨਾ 4:8, 16)। ਯੂਹੰਨਾ 3:16 ਜਿਸ ਨੂੰ ਆਮ ਤੌਰ ਤੇ ''ਬਾਈਬਲ ਦੀ ਸੁਨਹਿਰੀ ਆਇਤ'' ਕਿਹਾ ਜਾਂਦਾ ਹੈ, ਆਖਦੀ ਹੈ ਕਿ ''ਪਰਮੇਸ਼ੁਰ ਨੇ ਜਗਤ ਨੂੰ ਅਜਿਹਾ ਪਿਆਰ ਕੀਤਾ ਜੋ ਉਹ ਨੇ ਆਪਣਾ ਇਕਲੌਤਾ ਪੁੱਤਰ ਬਖ਼ਸ਼ ਦਿੱਤਾ ਤਾਂ ਜੋ ਹਰੇਕ ਜੋ ਉਸ ਉੱਤੇ ਨਿਹਚਾ ਕਰੇ ਨਾਸ ਨਾ ਹੋਵੇ ਪਰ ਸਦੀਪਕ ਜੀਉਣ ਪਾਵੇ।'' ਨਿਹਚਾ ਖ਼ੁਦਾ ਤੇ ਹੈ; ਆਸ ਦਾ ਦੇਣ ਵਾਲਾ ਖ਼ੁਦਾ ਹੈ; ਪਰ ਖ਼ੁਦਾ ਪ੍ਰੇਮ *ਹੈ।* ਕਿਸੇ ਨੇ ਕਿਹਾ ਹੈ, ''ਪ੍ਰੇਮ ਹਰ ਤਰ੍ਹਾਂ ਦੇ ਫ਼ਜ਼ਲ ਦੀ ਰਾਣੀ ਹੈ ਜਿਸ ਦਾ ਦੇਣ ਵਾਲ ਖ਼ੁਦਾ ਹੈ। ਇਸਦਾ ਮਾਨਕ ਯਿਸੂ ਹੈ। ਇਸ ਦਾ ਮਾਪ ਕਲਵਰੀ ਹੈ। ਇਸਦੀ ਸੇਵਕਾਈ ਨਿਹਚਾ ਹੈ। ਇਸਦੀ ਪਰੀਖਿਆ ਹੁਕਮ ਮੰਨਣਾ ਹੈ।'' ਪ੍ਰੇਮ ਸਾਥੋਂ ਉੱਚ ਮਾਨਕ ਭਾਵ ਖ਼ੁਦਾ ਦੀ ਉੱਤਮਤਾ ਦੀ ਪੁਕਾਰ ਕਰਦਾ ਹੈ। ਅਸੀਂ ਪ੍ਰੇਮ ਕਰਦੇ ਹਾਂ, ਕਿਉਂਕਿ ਖ਼ੁਦਾ ਨੇ ਸਾਨੂੰ ਪਿਆਰ ਕੀਤਾ (1 ਯੂਹੰਨਾ 4:10, 11, 19)। ਪ੍ਰੇਮ ਕਰਨਾ ਖ਼ੁਦਾ ਨੂੰ ਜਾਣਨਾ ਹੈ ਅਤੇ ਪ੍ਰੇਮ ਨਾ ਕਰਨਾ ਖ਼ੁਦਾ ਨੂੰ ਨਾ ਜਾਣਨਾ ਹੈ (1 ਯੂਹੰਨਾ 4:7, 8)। ਦੂਜਿਆਂ ਨਾਲ ਸਾਡੇ ਸਲੂਕ ਤੋਂ ਪਤਾ ਲਗਦਾ ਹੈ ਕਿ ਖ਼ੁਦਾ ਸਾਡੇ ਨਾਲ ਕਿਵੇਂ ਸਲੂਕ ਕਰਦਾ ਹੈ। ਲੋਕਾਂ ਨੂੰ ਇਹ ਦੱਸਣ ਤੋਂ ਪਹਿਲਾਂ ਕਿ ਕੀ ਕਰੀਏ, ਉਨ੍ਹਾਂ ਨੂੰ ਇਹ ਦੱਸੋ ਕਿ ਖ਼ੁਦਾ ਨੇ ਤੁਹਾਡੇ ਲਈ ਕੀ ਕੀਤਾ ਹੈ।

## ਪ੍ਰੇਮ ਵਿਹਾਰਕ ਹੈ

ਖ਼ੁਦਾ ਦੇ ਨਾਲ ਸਾਡਾ ਰੋਜ਼ ਚੱਲਣਾ ਪ੍ਰੇਮ ਵਿਚ ਚੱਲਣਾ ਹੈ। ਪਤਰਸ ਨੇ ਕਲਵਰੀ ਤੋਂ ਪਹਿਲਾਂ ਤਿੰਨ ਵਾਰ ਯਿਸੂ ਦਾ ਇਲਕਾਰ ਕੀਤਾ ਸੀ। ਇਸ ਲਈ ਉਹ ਚਿੱਲਾਇਆ (ਲੂਕਾ 22:62)। ਯਿਸੂ ਨੇ ਇਸ ਹਾਲਾਤ ਨਾਲ ਕਿਵੇਂ ਨਜਿੱਠਿਆ? ਉਹ ਪਤਰਸ ਨੂੰ ਕਿਵੇਂ ਵਾਪਸ ਲਿਆਇਆ? ਯੂਹੰਨਾ 21 ਅਧਿਆਇ ਦਾ ਅਧਿਐਨ ਕਰੋ। ਯਿਸੂ ਨੇ ਪਤਰਸ ਤੋਂ ਇੱਕੋ ਹੀ ਸਵਾਲ ਤਿੰਨ ਵਾਰ ਪੁੱਛਿਆ, ''ਤੂੰ ਮੈਨੂੰ ਪਿਆਰ ਕਰਦਾ ਹੈਂ?'' ਇਸ ਨਾਲ ਪਤਰਸ ਪਰੇਸ਼ਾਨ ਹੋ ਗਿਆ ਸੀ! ਸਿਸੂ ਨੇ ਉਸ ਨੂੰ ਮੁਜਰਿਮ ਨਹੀਂ ਠਹਿਰਾਇਆ ਸੀ, ਉਸ ਨੂੰ ਝਿੜਕਿਆ ਜਾਂ ਉਸ ਨੂੰ ਸਜ਼ਾ ਨਹੀਂ ਦਿੱਤੀ ਸੀ। ਉਸ ਨੇ ਉਸ ਨੂੰ ਐਤਵਾਰ ਵਾਲੇ ਦਿਨ ਬੰਦਗੀ ਵਿਚ ਜਾ ਕੇ ਕੁਝ ਪੈਸੇ ਦੇਣ ਲਈ ਨਹੀਂ ਆਖਿਆ ਸੀ। ਇਹ ਕਰਨਾ ਤਾਂ ਉਸ ਲਈ ਬੜਾ ਅਸਾਨ ਹੋਣਾ ਸੀ! ''ਤੂੰ ਮੈਨੂੰ ਪਿਆਰ ਕਰਦਾ ਹੈਂ?'' *ਓਹ ਹੋ!* ਜ਼ਿੰਦਗੀ ਵਿਚ ਇਹੀ ਗੱਲ ਹੈ ਕਿ ਕੀ ਅਸੀਂ ਯਿਸੂ ਨੂੰ ਪਿਆਰ ਕਰਦੇ ਹਾਂ? ਉਸ ਦੇ ਸਵਾਲ ਨੇ ਪਤਰਸ ਨੂੰ

ਪਰੇਸ਼ਾਨੀ ਵਿਚ ਪਾ ਦਿੱਤਾ ਸੀ! ਇਹੀ ਗੱਲ ਸਾਨੂੰ ਵੀ ਪਰੇਸ਼ਾਨ ਕਰਦੀ ਹੈ! ਕੀ ਅਸੀਂ ਪ੍ਰੇਮ ਵਿਚ ਵਧ ਰਹੇ ਹਾਂ? ਯਿਸੂ ਨੇ ਆਖਿਆ, ''ਮੈਂ ਤੁਹਾਨੂੰ ਨਵਾਂ ਹੁਕਮ ਦਿੰਦਾ ਹਾਂ ਕਿ ਇਕ ਦੂਏ ਨੂੰ ਪਿਆਰ ਕਰੋ ਅਰਥਾਤ ਜਿਵੇਂ ਮੈਂ ਤੁਹਾਨੂੰ ਪਿਆਰ ਕੀਤਾ ਤਿਵੇਂ ਤੁਸੀਂ ਇਕ ਦੂਏ ਨੂੰ ਪਿਆਰ ਕਰੋ। ਜੇ ਤੁਸੀਂ ਆਪੋ ਵਿਚ ਪ੍ਰੇਮ ਰੱਖੋ ਤਾਂ ਇਸੇ ਤੋਂ ਸਭ ਜਾਣਨਗੇ ਭਈ ਤੁਸੀਂ ਮੇਰੇ ਚੇਲੇ ਹੋ'' (ਯੂਹੰਨਾ 13:34, 35) । ਯਿਸੂ ਨੇ ਪਿਆਰ ਨੂੰ ''ਚੇਲੇ ਹੋਣ ਦਾ ਨਿਸ਼ਾਨ'' ਕਰਾਰ ਦਿੱਤਾ। ਪ੍ਰੇਮ ਨਵਾਂ ਨਹੀਂ ਹੈ। ਯਿਸੂ ਵਾਂਗ ਪਿਆਰ ਕਰਨਾ ਨਵਾਂ ਹੈ। ਕਾਰਲ ਬਾਰਥ ਨੂੰ ਧਰਮ ਵਿਗਿਆਨ ਦੇ ਖੇਤਰ ਵਿਚ ਲਿਖੀਆਂ ਆਪਣੀਆਂ ਗੱਲਾਂ ਨੂੰ ਕੁਝ ਸ਼ਬਦਾਂ ਵਿਚ ਸੰਖੇਪ ਕਰਨ ਲਈ ਕਿਹਾ ਗਿਆ। ਉਸਨੇ ਸੰਖੇਪ ਕੀਤਾ, ''ਯਿਸੂ ਮੈਨੂੰ ਪਿਆਰ ਕਰਦਾ ਹੈ, ਮੈਂ ਇਹ ਜਾਣਦਾ ਹਾਂ, ਕਿਉਂਕਿ ਬਾਈਬਲ ਮੈਨੂੰ ਦੱਸਦੀ ਹੈ।''[1] 1 ਕੁਰਿੰਥੀਆਂ 13:4–8 ਵਿਚ ਪੌਲੁਸ ਨੇ ਪਿਆਰ ਨੂੰ ਵਿਖਾਇਆ ਹੈ। ਉਸਦੇ ਸ਼ਬਦਾਂ ਵਿਚ ਯਿਸੂ ਨੂੰ ਵੀ ਵਿਖਾਇਆ ਗਿਆ ਹੈ। ਉਨ੍ਹਾਂ ਵਿਚ ਸਾਡੀ ਵੀ ਤਸਵੀਰ ਹੋਣੀ ਚਾਹੀਦੀ ਹੈ।

ਪੌਲੁਸ ਨੇ ਪਤੀ ਪਤਨੀ ਨੂੰ ਇਕ ਦੂਜੇ ਨਾਲ ਯਿਸੂ ਵਾਂਗ ਪਿਆਰ ਕਰਨ ਲਈ ਆਖਿਆ (ਅਫ਼ਸੀਆਂ 5:25–33)। ਘਰ ਵਿਚ ਸਾਡੀ ਨਾਕਾਮੀ ''ਪਿਆਰ ਵਿਚ ਨਾਕਾਮੀ'' ਹੀ ਹੁੰਦੀ ਹੈ। ਸਾਡੇ ਲਈ ਭਾਈਆਂ ਨਾਲ ਪਿਆਰ ਰੱਖਣਾ ਵੀ ਜ਼ਰੁਰੀ ਹੈ (ਰੋਮੀਆਂ 12:9, 10; 1 ਥੱਸਲੁਨੀਕੀਆਂ 4:9; ਇਬਰਾਨੀਆਂ 13:1; 1 ਪਤਰਸ 1:22; 2:17; 1 ਯੂਹੰਨਾ 4:7; 3:11; 4:11; 2 ਯੂਹੰਨਾ 5)। ਆਪਣੇ ਗੁਆਂਢੀਆਂ ਨਾਲ ਪ੍ਰੇਮ ਰੱਖਣਾ ਜ਼ਰੂਰੀ ਹੈ (ਮੱਤੀ 22:34–40; ਰੋਮੀਆਂ 13:8–10)। ਅਸੀਂ ਅਦਿੱਖ ਪਰਮੇਸ਼ੁਰ ਨਾਲ ਪ੍ਰੇਮ ਦਾ ਦਾਅਵਾ ਕਿਵੇਂ ਕਰ ਸਕਦੇ ਹਾਂ, ਜਦਕਿ ਉਨ੍ਹਾਂ ਭਾਈਆਂ ਨਾਲ ਪ੍ਰੇਮ ਨਹੀਂ ਰੱਖ ਸਕਦੇ, ਜਿਨ੍ਹਾਂ ਨੂੰ ਵੇਖ ਸਕਦੇ ਹਾਂ (1 ਯੂਹੰਨਾ 4:19–21)? ਖ਼ੁਦਾ ਦੇ ਨਾਲ ਸਾਡਾ ਇਸ਼ਕ ਸਾਡੇ ਰੋਜ਼ ਮਰਾੱ ਦੀ ਜ਼ਿੰਦਗੀ ਵਿਚ ਸਭ ਤੋਂ ਗੰਭੀਰ ਸਿਧਾਂਤ ਹੈ। ਪ੍ਰੇਮ ਵਿਚ ਹਾਰ ਕੇ ਵੀ ਨਫ਼ਰਤ ਦੀ ਜਿੱਤ ਨਾਲੋਂ ਵੱਧ ਸ਼ਕਤੀ ਹੁੰਦੀ ਹੈ।

ਮਸੀਹ ਦਾ ਪ੍ਰੇਮ ਸਾਡੇ ਉੱਤੇ ਕਾਬੂ ਰੱਖਦਾ ਹੈ (2 ਕੁਰਿੰਥੀਆਂ 5:14)। ਜੇ ਅਸੀਂ ਮਸੀਹ ਤੋਂ ਪ੍ਰੇਰਿਤ ਨਹੀਂ ਹੁੰਦੇ ਤਾਂ ਫਿਰ ਹੋਰ ਕਿਸ ਤੋਂ ਹੋ ਸਕਦੇ ਹਾਂ? ਖ਼ੁਦਾ ਦਾ ਪ੍ਰੇਮ ਪਵਿੱਤਰ ਆਤਮਾ ਦੇ ਰਾਹੀਂ ਵਹਾਇਆ ਗਿਆ ਹੈ (ਰੋਮੀਆਂ 5:5–8)। ਸੰਖੇਪ ਵਿਚ, ਮਸੀਹੀਅਤ ਵਿਚ ਗਰਮਜੋਸ਼ੀ ਦਾ ਮਤਲਬ ਪ੍ਰੇਮ ਦੇ ਰਾਹੀਂ ਕੰਮ ਕਰਨਾ ਹੈ (ਗਲਾਤੀਆਂ 5:6)। ਦਾਖ ਅਤੇ ਟਹਿਣੀਆਂ ਵਾਲੇ ਦ੍ਰਿਸ਼ਟਾਂਤ ਵਿਚ ਯਿਸੂ ਨੇ ਕਿਹਾ, ''ਮੇਰੇ ਵਿਚ ਬਣੇ ਰਹੋ''; ''ਮੇਰੀਆਂ ਗੱਲਾਂ ਤੁਹਾਡੇ ਵਿਚ ਬਣੀਆਂ ਰਹਿਣ''; ''ਮੇਰੇ ਪ੍ਰੇਮ ਵਿਚ ਬਣੇ ਰਹੋ''; (ਯੂਹੰਨਾ 15:1–13)। ਪ੍ਰੇਮ ਸ਼ਰ੍ਹਾ ਨੂੰ ਪੂਰਾ ਕਰਦਾ ਹੈ (ਰੋਮੀਆਂ 13:10)। ਪ੍ਰੇਮ ਦੀ ਕਸੌਟੀ ਸਿਰਫ਼ ਹੁਕਮ ਮੰਨਣਾ ਹੈ। ਯਿਸੂ ਦਾ ਐਲਾਨ ਕੀਤਾ ਕਿ ''ਜੇ ਤੁਸੀਂ ਮੈਨੂੰ ਪਿਆਰ ਕਰਦੇ ਹੋ ਤਾਂ ਮੇਰੇ ਹੁਕਮਾਂ ਦੀ ਪਾਲਨਾ ਕਰੋਗੇ''(ਯੂਹੰਨਾ 14:15; ਵੇਖੋ ਆਇਤ 23)। ਮਸੀਹੀ ਜ਼ਿੰਦਗੀ ਅਸਾਨ ਨਹੀਂ ਹੈ ਅਤੇ ਨਾ ਹਮੇਸ਼ਾ ਖੁਸ਼ਹਾਲ, ਫਿਰ ਵੀ ਲੋਕ ਇਸ ਨੂੰ ਪਿਆਰ ਨਾਲ ਜੀਉਂਦੇ ਹਨ।

ਇਤਿਹਾਸ ਵਿਚ ਯਿਸੂ ਬਾਰੇ ਐਨੀ ਵਾਰ ਦੱਸਿਆ ਗਿਆ ਹੈ ਫਿਰ ਵੀ ਇਸ ਦੀਆਂ ਸਿੱਖਿਆਵਾਂ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਯਿਸੂ ਵਿਚ ਵਿਸ਼ਵਾਸ ਕਰਨ ਦਾ ਮਤਲਬ ਉਹ ਵਿਸ਼ਵਾਸ ਕਰਨਾ ਹੈ, ਜੋ ਯਿਸੂ ਕਰਦਾ ਸੀ ਅਤੇ ਸਿਖਾਉਂਦਾ ਸੀ। ਮਸੀਹ ਦਾ ਪਿਆਰ ਮਸੀਹ ਦੀ ਸਲੀਬ ਵਿਚ ਮਿਲਦਾ ਹੈ। ਬਾਈਬਲ ਮੁਤਾਬਕ ਪਿਆਰ ''ਸਖ਼ਤ ਪਿਆਰ'' ਹੈ। ਅਨੁਸ਼ਾਸਨ ਖ਼ੁਦਾ ਦਾ ਸੁਭਾਅ ਹੈ। ਸਾਡਾ ਪ੍ਰੇਮੀ ਪਰਮੇਸ਼ੁਰ ਦਿੰਦਾ ਅਤੇ ਕੁਰਬਾਨੀ ਕਰਦਾ ਹੈ। ਗੱਲ ਪਿਆਰ ਤੇ ਹੀ ਨਹੀਂ ਮੁੱਕ ਜਾਂਦੀ। ''ਤਦ ਯਿਸੂ ਨੇ ਆਪਣੇ ਚੇਲਿਆਂ ਨੂੰ ਕਿਹਾ, ਜੇ ਕੋਈ ਮੇਰੇ ਪਿੱਛੇ ਆਉਣਾ ਚਾਹੇ ਤਾਂ ਆਪਣੇ ਆਪ ਦਾ ਇਨਕਾਰ ਕਰੇ ਅਤੇ ਆਪਣੀ ਸਲੀਬ ਚੁੱਕ ਕੇ ਮੇਰੇ ਪਿੱਛੇ ਚੱਲੇ। ਕਿਉਂਕਿ ਜਿਹੜਾ ਆਪਣੀ ਜਾਨ ਬਚਾਉਣੀ ਚਾਹੇ ਉਹ ਉਸ ਨੂੰ ਗੁਆ ਦੇਵੇਗਾ ਪਰ ਜਿਹੜਾ ਮੇਰੇ ਲਈ ਆਪਣੀ ਜਾਨ ਗੁਆਏ ਉਹ ਉਸ ਨੂੰ ਲੱਭ

ਲਵੇਗਾ'' (ਮੱਤੀ 16:24, 25)।

ਪ੍ਰੇਮ ਕਦੇ ਟਲਦਾ ਨਹੀਂ (1 ਕੁਰਿੰਥੀਆਂ 13:8)! ਕਿੰਨੀ ਜ਼ਬਰਦਸਤ ਗੱਲ ਹੈ! ਪ੍ਰੇਮ ਟਲਦਾ ਨਹੀਂ ਪਰ ਅਸੀਂ ਨਾਕਾਮ ਹੋ ਜਾਂਦੇ ਹਾਂ। ''ਪਰਮੇਸ਼ੁਰ ਪ੍ਰੇਮ ਹੈ ਅਤੇ ਜਿਹੜਾ ਪ੍ਰੇਮ ਵਿਚ ਰਹਿੰਦਾ ਹੈ ਉਹ ਪਰਮੇਸ਼ੁਰ ਵਿਚ ਰਹਿੰਦਾ ਹੈ ਅਤੇ ਪਰਮੇਸ਼ੁਰ ਉਸ ਵਿਚ ਰਹਿੰਦਾ ਹੈ'' (1 ਯੂਹੰਨਾ 4:16)।

## ਪ੍ਰੇਮ ਕੀ ਹੈ ?

ਦੁਨੀਆ ਪਿਆਰ ਦੇ ਪਿੱਛੇ ਪਾਗਲ ਹੈ। *ਪਿਆਰ–ਪਿਆਰ–ਪਿਆਰ!* ਇਕ ਗੀਤ ਦੀ ਵਿਆਖਿਆ ਹੈ, ''ਦੁਨੀਆ ਨੂੰ ਇਸ ਵਕਤ ਜਿਸ ਦੀ ਲੋੜ ਹੈ ਉਹ ਪਿਆਰ, ਬਲਕਿ ਭਰਪੂਰ ਪਿਆਰ ਹੈ।'' ਪਿਆਰ ਹਰ ਗੱਲ ਦਾ ਜਵਾਬ ਹੈ। ਦਿਨ ਰਾਤ ਤੁਹਾਨੂੰ ਇਹੀ ਸੁਣਨ ਨੂੰ ਮਿਲਦਾ ਹੈ। ਪਰ ਪਿਆਰ ਹੈ ਕਿੱਥੇ? ਦੁਨੀਆਂ ਤਾਂ ਲੜਾਈ ਵਿਚ ਲੱਗੀ ਹੋਈ ਹੈ; ਹਿੰਸਾ ਵਧਦੀ ਹੀ ਜਾ ਰਹੀ ਹੈ; ਦੁਲੀਆ ਖ਼ਤਰਨਾਕ ਥਾਂ ਬਣ ਗਈ ਹੈ! ਤਲਾਕ ਆਮ ਗੱਲ ਹੋ ਗਈ ਹੈ। ਇਕ ਸਰਵੇਖਣ ਵਿਚ ਕਿਹਾ ਗਿਆ ਸੀ ਕਿ ਕਲੀਸੀਆ ਦੇ ਲੋਕਾਂ ਵਿਚ ਤਲਾਕ ਦੀ ਦਰ ਨਾਸਤਿਕਾਂ ਨਾਲੋਂ ਵੱਧ ਹੈ! ਬਾਲ ਅਪਰਾਧ ... ਨਸ਼ਾ ਕਰਨਾ, ਨਸ਼ੀਲੀਆਂ ਚੀਜ਼ਾਂ ਲੈਣਾ ... ਜੁਰਮ ... ਧਮਾਕੇ ... ਪਿਆਰ, ਜੇ ਇਹ ਹਰ ਥਾਂ ਹੈ, ਤਾਂ ਇਹ ਸਭ ਖਤਮ ਹੋ ਜਾਣੇ ਚਾਹੀਦੇ ਹਨ! ਹਰ ਥਾਂ ਅਨੈਤਿਕਤਾ, ਗੰਦੀਆਂ ਤਸਵੀਰਾਂ ਅਤੇ ਫੂਹੜਪੁਣਾ ਭਰਿਆ ਹੋਇਆ ਹੈ। ਇੱਜ਼ਤ ਦੀ ਪੌੜੀ ਵਿਚ ਪ੍ਰਚਾਰਕ ਸਿਆਸਤਦਾਨਾਂ ਨਾਲੋਂ ਇਕ ਡੰਡਾ ਉੱਪਰ ਹਨ! ਪ੍ਰੇਮ ਹੀ ਸਭ ਦਾ ਜਵਾਬ ਹੈ, ਪਰ ਪ੍ਰੇਮ ਨੂੰ ਅਮਲ ਵਿਚ ਨਹੀਂ ਲਿਆਂਦਾ ਜਾ ਰਿਹਾ।

ਪ੍ਰੇਮ ਹੈ ਕੀ? ਮੁਸ਼ਕਿਲ ਦਾ ਪਤਾ ਉਦੋਂ ਲਗ ਜਾਂਦਾ ਹੈ, ਜਦ ਅਸੀਂ ਇਹ ਪੁੱਛਦੇ ਹਾਂ ਕਿ ''*ਅਸਲ* ਪਿਆਰ ਕੀ ਹੈ?'' ਮੈਨੂੰ ਦੱਸੋ! ਮੈਨੂੰ ਜਵਾਬ ਚਾਹੀਦਾ ਹੈ! ਸੋਚੋ। ਬੋਲੋ। ਸੰਖੇਪ ਵਿਚ ਦੱਸੋ। ਮੈਨੂੰ ਦੱਸੋ ਕਿ ਪ੍ਰੇਮ ਕੀ ਹੈ! ਤੁਸੀਂ ਇਸ ਉੱਤੇ ਕਦੇ ਵਿਚਾਰ ਨਹੀਂ ਕੀਤਾ? ਸਾਡੇ ਸਮਾਜ ਕੋਲ ਇਸਦਾ ਕੋਈ ਜਵਾਬ ਨਹੀਂ ਹੈ ਕਿ ਪ੍ਰੇਮ ਅਸਲ ਵਿਚ ਹੈ ਕੀ! ਭਲਾ ਕਲੀਸੀਆ ਦੱਸ ਸਕਦੀ ਹੈ? ਸਾਡੇ ਨਾਲ ਧੋਖਾ ਹੋਇਆ ਹੈ। ਇਹ ਦੱਸੇ ਬਗੈਰ ਕਿ ਪ੍ਰੇਮ ਕੀ ਹੈ, ਸਾਨੂੰ ਪ੍ਰੇਮ ਦੀ ਸਿੱਖਿਆ ਦਿੱਤੀ ਜਾ ਰਹੀ ਹੈ। ਜੇ ਤੁਹਾਨੂੰ ਪਤਾ ਨਹੀਂ ਹੈ ਕਿ ਪ੍ਰੇਮ ਕੀ ਹੈ, ਤਾਂ ਇਹ ਤੁਹਾਡੇ ਕੋਲ ਕਿਵੇਂ ਹੋ ਸਕਦਾ ਹੈ, ਤੁਸੀਂ ਇਸ ਨੂੰ ਅਮਲ ਵਿਚ ਕਿਵੇਂ ਲਿਆ ਸਕਦੇ ਹੋ, ਇਸ ਨੂੰ ਕਿਵੇਂ ਜੀ ਸਕਦੇ ਹੋ? ਅਸਲ ਪ੍ਰੇਮ ਵੇਖਣ ਵਿਚ ਕਿਹੋ ਜਿਹਾ ਹੁੰਦਾ ਹੈ? ਅਸਲ ਪ੍ਰੇਮ ਕਰਦਾ ਕੀ ਹੈ? ਇਹ ਸਵਾਲ ਈਮਾਨਦਾਰੀ ਨਾਲ ਅਤੇ ਬਾਈਬਲ ਦੇ ਜਵਾਬ ਮੰਗਦੇ ਹਨ। ਝੂਠਾ ਪ੍ਰੇਮ ਮਾੜੇ ਹਾਲਾਤ ਨੂੰ ਸਿਰਫ਼ ਮਾੜਾ ਬਣਾ ਸਕਦਾ ਹੈ।

ਪ੍ਰੇਮ ਵਿਚ ਵਾਧਾ ''ਖ਼ੁਦਾ ਦੀ ਗੱਲ'' ਹੈ। ਖ਼ੁਦਾ ਨੂੰ ਸਮਝਣ ਲਈ ਪ੍ਰੇਮ ਨੂੰ ਸਮਝਣਾ ਜ਼ਰੂਰੀ ਹੈ। ਖ਼ੁਦਾ ਪ੍ਰੇਮ ਹੈ, ਪਰ ਪ੍ਰੇਮ ਨੂੰ ਖ਼ੁਦਾ ਨਹੀਂ ਆਖਿਆ ਜਾ ਸਕਦਾ! ਪ੍ਰੇਮ ਨੂੰ ਮੂਰਤੀ ਨਹੀਂ ਬਣਾਇਆ ਜਾਣਾ ਚਾਹੀਦਾ। ਜਦ ਪ੍ਰੇਮ ਨੂੰ ਦੇਵਤਾ ਬਣਾ ਦਿੱਤਾ ਜਾਂਦਾ ਹੈ ਤਾਂ ਇਹ ਸ਼ੈਤਾਨ ਬਣ ਜਾਂਦਾ ਹੈ। ਪ੍ਰੇਮ ਨੂੰ ਖ਼ੁਦਾ ਨਾਲ ਵੀ ਨਹੀਂ ਮਿਲਾਉਣਾ ਚਾਹੀਦਾ। ਆਪਣੇ ਸੁਭਾਅ ਤੋਂ ਹੀ ਸਾਡਾ ਸਮਾਜ ਇਕੱਲ੍ਹੇ, ਸਭ ਉੱਤੇ ਇਖ਼ਤਿਆਰ ਰੱਖਣ ਵਾਲੇ ਵਿਚਾਰ ਤੇ ਹਮਲਾ ਹੈ। ਖ਼ੁਦਾ ਹੁਣ ''ਇਸਰਾਏਲ ਦਾ ਪਵਿੱਤਰ'' ਨਹੀਂ ਰਿਹਾ। ਖ਼ੁਦਾ ਦੀ ਪੂਰੀ ਸੱਚਾਈ ਦੱਸਣ ਦੀ ਥਾਂ ਉਸ ਦਾ ਕੁਝ ਹਿੱਸਾ ਦੱਸਣਾ। ਖ਼ੁਦਾ ਪ੍ਰੇਮ ਦਾ ਮਤਲਬ ਦੱਸਦਾ ਹੈ, ਪਰ ਪ੍ਰੇਮ ਖ਼ੁਦਾ ਦਾ ਮਤਲਬ ਨਹੀਂ ਦੱਸ ਸਕਦਾ। ਜਦ ਅਸੀਂ ਪ੍ਰੇਮ ਦਾ ਮਤਲਬ ਆਪਣੀ ਸਹੂਲਤ ਮੁਤਾਬਕ ਲੈਂਦੇ ਹਾਂ ਤਾਂ ਅਸੀਂ ਖ਼ੁਦਾ ਦਾ ਮਤਲਬ ਆਪਣੀ ਸਹੂਲਤ ਮੁਤਾਬਕ ਬਣਾ ਰਹੇ ਹੁੰਦੇ ਹਾਂ! ਦੋ ਹਜ਼ਾਰ ਸਾਲਾਂ ਬਾਅਦ ਮਸੀਹੀ ਲੋਕਾਂ ਨੂੰ ਖ਼ੁਦਾ ਅਤੇ ਪ੍ਰੇਮ ਦਾ ਮਤਲਬ ਚੰਗੀ ਤਰ੍ਹਾਂ ਸਮਝ ਆ ਜਾਣ ਚਾਹੀਦਾ ਹੈ।

ਮਸੀਹੀ ਲੋਕ ਬਾਈਬਲ ਦੇ ਮੁਤਾਬਕ ਜਜ਼ਬਾਤੀ ਪਿਆਰ ਅਸਲ ਪਿਆਰ ਨਹੀਂ ਹੈ। ਯੂਨਾਨੀ

ਸ਼ਬਦ *ਅਗਾਪੇ* ਇੱਛਾ ਤੋਂ ਨਿਕਲਿਆ ਹੈ; ਇਹ ਇਕ ਪਸੰਦ, ਇਕ ਫ਼ੈਸਲਾ, ਇਕ ਵਚਨਬੱਧਤਾ ਹੈ। ਬਾਈਬਲ ਵਿਚ ਪਿਆਰ ਦਾ ਹੁਕਮ ਹੈ; ਜੋ ਜਜ਼ਬਾਤੀ ਪਿਆਰ (ਕਿਸੇ ਨੂੰ ਪਸੰਦ ਕਰਨਾ) ਦਾ ਹੁਕਮ ਨਹੀਂ ਦੇ ਸਕਦਾ। ਅਸੀਂ ਦੂਜਿਆਂ ਨਾਲ ਪਿਆਰ ਉਨ੍ਹਾਂ ਨਾਂਲ ਲਗਾਅ ਦੇ ਕਾਰਣ ਕਰਦੇ ਹਾਂ ਨਾ ਕਿ ਆਪਣੇ ਕਾਰਣ। ਮਸੀਹੀ ਲੋਕਾਂ ਨੂੰ ਤਾਂ ਆਪਣੇ ਦੁਸ਼ਮਣਾਂ ਨਾਲ ਵੀ ਪ੍ਰੇਮ ਰੱਖਣ ਦਾ ਹੁਕਮ ਦਿੱਤਾ ਗਿਆ ਹੈ (ਮੱਤੀ 5:44)। ਪਿਆਰ ਨੂੰ ਕਦੇ ਵੀ ਜਜ਼ਬਾਤੀ ਬਕਵਾਸ ਨਾ ਬਣਾਓ। ਪ੍ਰੇਮ ਨੂੰ ਕਦੇ ਸਹਿਣਸ਼ੀਲਤਾ ਨਾਲ ਨਾ ਉਲਝਾਓ। ਇਸ ਜਾਲ ਵਿਚ ਨਾ ਫਸੋ: ''ਜੇ ਤੁਸੀਂ ਮੈਨੂੰ ਪਿਆਰ ਕਰਦੇ ਹੋ ਤਾਂ ਮੇਰੇ ਵਰਗਾ ਸਲੂਕ ਵੀ ਕਰੋ''; ''ਜੇ ਤੁਸੀਂ ਮੈਨੂੰ ਪਿਆਰ ਕਰਦੇ ਹੋ ਤਾਂ ਮੇਰੇ ਨਾਲ ਸਹਿਮਤ ਵੀ ਹੋਵੋ''; ''ਜੇ ਤੁਸੀਂ ਮੇਰੇ ਨਾਲ ਪਿਆਰ ਕਰਦੇ ਹੋ ਤਾਂ ਤੁਸੀਂ ਮੈਨੂੰ ਆਪਣੀ ਮਰਜ਼ੀ ਕਰਨ ਦਿਓਗੇ।'' ਇਹ ਤਾਂ ਪਿਆਰ ਨੂੰ *ਲਾਇਸੈਂਸ* ਬਣਾਉਣਾ ਹੈ। ਬਾਈਬਲ ਵਾਲਾ ਪਿਆਰ ਵਹਿਮਾਂ, ਜਜ਼ਬਾਤ, ਜੋਸ਼ ਅਤੇ ਲਾਲਸਾ ਦੀ ਨਕਲ ਕਰਨਾ ਨਹੀਂ ਹੈ। ਬਾਈਬਲ ਦੇ ਮੁਤਾਬਕ ਪਿਆਰ ਕੋਈ ''ਅਨੁਭਵ ਕਰਨਾ'' ਨਹੀ ਹੈ। ਕਲੀਸੀਆ ਨੂੰ ਉਹ ਪ੍ਰਯੋਗਸ਼ਾਲਾ ਨਹੀਂ ਬਣਨਾ ਚਾਹੀਦਾ, ਜਿੱਥੇ ਭਾਈ ਆਪਸ ਵਿਚ ਮਿਲ ਕੇ ਰਹਿਣਾ ਸਿੱਖਣ। ਕਲੀਸੀਆ ਸਾਨੂੰ ਸ਼ੈਤਾਨ ਤੋਂ ਹੀ ਨਹੀਂ, ਆਪਣੇ ਆਪ ਤੋਂ ਬਚਾਉਣ ਲਈ ਵੀ ਹੈ। ਸਾਡਾ ਸਭ ਤੋਂ ਵੱਡਾ ਸੁਭਾਗ ''ਪ੍ਰੇਮ ਨਾਲ ਸੱਚ ਕਮਾਉਂਦਿਆਂ ਹੋਇਆਂ'' ਬੋਲਣਾ ਹੈ (ਅਫ਼ਸੀਆਂ 4:15)।

## ਪਿਆਰ ਦੀਆਂ ਤਰਜੀਹਾਂ

ਅੱਜ ਲੋਕਾਂ ਨੇ ਪਿਆਰ ਨੂੰ ਨਾ ਸਿਰਫ਼ ਮੂਰਖਤਾ ਬਣਾ ਦਿੱਤਾ ਹੈ, ਬਲਕਿ ਉਹ ਪਿਆਰ ਦੀਆਂ ਤਰਜੀਹਾਂ ਨੂੰ ਵੀ ਸਮਝਣ ਵਿਚ ਨਾਕਾਮ ਰਹੇ ਹਨ ਜੋ ਇਸ ਤਰ੍ਹਾਂ ਹਨ:

1. ਖ਼ੁਦਾ
2. ਪਰਿਵਾਰ
3. ਆਪਣਾ ਆਪ
4. ਦੂਜੇ ਲੋਕ
5. ਦੁਸ਼ਮਣ

ਪਾਪ ਤਾਂ ਸ਼ਰ੍ਹਾ ਦਾ ਤੋੜਨਾ ਹੈ (1 ਯੂਹੰਨਾ 3:4; ਵੇਖੋ ਰੋਮੀਆਂ 4:15); ਪਾਪ ਤਰਜੀਹਾਂ ਨੂੰ ਬਦਲਣਾ ਵੀ ਹੈ। ਸਾਡੀਆਂ ਰੋਜ਼ਮਰਾੱ ਦੀਆਂ ਜ਼ਿਆਦਾਤਰ ਮੁਸ਼ਕਿਲਾਂ ਅਪਰਾਧੀਕਰਨ ਨਾਲ ਨਹੀਂ ਬਲਕਿ ਤਰਜੀਹਾਂ ਬਦਲਣ ਕਰਕੇ ਹੁੰਦੀਆਂ ਹਨ। ਸਭ ਤੋਂ ਉੱਪਰ ਖ਼ੁਦਾ ਨੂੰ ਹੋਣਾ ਚਾਹੀਦਾ ਹੈ: ''ਅਤੇ ਉਹ ਨੇ ਉਸ ਨੂੰ ਕਿਹਾ, ਤੂੰ ਪ੍ਰਭੂ ਆਪਣੇ ਪਰਮੇਸ਼ੁਰ ਨੂੰ ਆਪਣੇ ਸਾਰੇ ਦਿਲ ਨਾਲ ਅਤੇ ਆਪਣੀ ਸਾਰੀ ਜਾਨ ਨਾਲ ਅਤੇ ਆਪਣੀ ਸਾਰੀ ਬੁੱਧ ਨਾਲ ਪਿਆਰ ਕਰ। ਵੱਡਾ ਅਤੇ ਪਹਿਲਾ ਹੁਕਮ ਇਹੋ ਹੈ'' (ਮੱਤੀ 22:37, 38)। ਸਾਡੇ ਲਈ ਖ਼ੁਦਾ ਨਾਲ ਦਿਲੋ ਜਾਨ ਨਾਲ ਪਿਆਰ ਰੱਖਣਾ ਜ਼ਰੂਰੀ ਹੈ। ਪ੍ਰੇਮ ਦਾ ਜਵਾਬ ਇਹੀ ਹੈ, ਕਿਉਂਕਿ ਇਹ ਸਾਡੀਆਂ ਤਰਜੀਹਾਂ ਨੂੰ ਉਨ੍ਹਾਂ ਦੀ ਅਹਿਮੀਅਤ ਮੁਤਾਬਕ ਢੁਕਵੇਂ ਥਾਂ ਤੇ ਰੱਖਦਾ ਹੈ। ''ਜੇ ਕੋਈ ਮੇਰੇ ਕੋਲ ਆਵੇ ਅਰ ਆਪਣੇ ਪਿਉ ਅਤੇ ਮਾਂ ਅਤੇ ਤੀਵੀਂ ਅਤੇ ਬਾਲ ਬੱਚਿਆਂ ਅਤੇ ਭਾਈਆਂ ਅਤੇ ਭੈਣਾਂ ਨਾਲ ਸਗੋਂ ਆਪਣੀ ਜਾਨ ਨਾਲ ਵੈਰ ਨਾ ਰੱਖੇ ਤਾਂ ਉਹ ਮੇਰਾ ਚੇਲਾ ਨਹੀਂ ਹੋ ਸਕਦਾ'' (ਲੂਕਾ 14:26)। ਭਲਾ ਉਸਦੀ ਇਹ ਗੱਲ ਹੈਰਾਨੀ ਵਾਲੀ ਹੈ? ਹਾਂ! ਭਲਾ ਇਹ ਵਿਹਾਰਕ ਹੈ? ਹਾਂ! ਇਹ ਜਜ਼ਬਾਤੀ ਪਿਆਰ/ਨਫ਼ਰਤ ਨਹੀਂ ਹੈ, ਬਲਕਿ ਇਨ੍ਹਾਂ ਵਿੱਚੋਂ ਇਕ ਨੂੰ ਚੁਣਨ ਦਾ ਮਤਲਬ ਦੂਜੇ ਨੂੰ ਰੱਦਣਾ ਹੈ।

1 ਨੰਬਰ ਨੂੰ ਤੀਜੇ ਨੰਬਰ ਤੇ ਜਾਂ 5 ਨੰਬਰ ਨੂੰ ਦੂਜੇ, ਜਾਂ 3 ਨੂੰ ਦੂਜੇ ਥਾਂ ਨਾ ਰੱਖੋ। ਛੋਟੀਆਂ

ਛੋਟੀਆਂ ਗੱਲਾਂ ਦਾ ਫ਼ੈਸਲਾ ਵੱਡੀਆਂ ਗੱਲਾਂ ਨਾਲ ਹੀ ਹੋਣਾ ਚਾਹੀਦਾ ਹੈ। ਪਰਿਵਾਰ ਲਈ ਉਪਾਅ ਕਰਨਾ ਸਾਡੀ ਜ਼ਿੰਮੇਵਾਰੀ ਹੈ (1 ਤਿਮੋਥਿਉਸ 5:8), ਪਰ ਬੱਚਿਆਂ ਨੂੰ ਮੂਰਤੀਆਂ ਵਾਂਗ ਪੂਜਣਾ ਅਜ਼ਮਾਇਸ਼ ਵਿਚ ਪਾਉਣ ਵਾਲਾ ਹੈ। ਪਰਿਵਾਰ ਤੇ ਫ਼ੋਕਸ ਨਾ ਰੱਖੋ; ਬਲਕਿ ਫ਼ੋਕਸ ਖ਼ੁਦਾ ਤੇ ਰੱਖੋ। ਇਸ ਨੂੰ ਤਰਜੀਹ ਦੇਣ ਨਾਲ ਸਾਡੀ ਉਲਝਣ ਸੁਲਝ ਜਾਂਦੀ ਹੈ। ਪਰਿਵਾਰ ਦੇ, ਆਪਣੇ ਅਤੇ ਆਪਣੇ ਪ੍ਰਤੀ ਸਾਡੀਆਂ ਜ਼ਿੰਮੇਵਾਰੀਆਂ ਹਨ, ਜਿਨ੍ਹਾਂ ਨੂੰ ਅਸੀਂ ਦੁਸ਼ਮਣਾਂ ਨੂੰ ਨਹੀਂ ਦੇ ਸਕਦੇ। ਇਹੀ ਬੁੱਧ ਹੈ। ਪ੍ਰੇਮ ਦੀਆਂ ਤਰਜੀਹਾਂ ਪ੍ਰੇਮ ਨੂੰ ਧਰਤੀ ਉੱਤੇ ਸਭ ਤੋਂ ਵਿਹਾਰਕ ਸ਼ੈ ਬਣਾ ਦਿੰਦੀਆਂ ਹਨ। ਕਈ ਵਾਰ ਤਰਜੀਹ ਵਾਲੀਆਂ ਗੱਲਾਂ ਨੂੰ ਤਰਜੀਹ ਦੇਣਾ ਅਸਾਨ ਹੁੰਦਾ ਹੈ, ਪਰ ਅਗਲੀਆਂ ਗੱਲਾਂ ਨੂੰ ਅੱਗੇ ਪਾਉਣਾ ਨਹੀਂ। ਰੋਜ਼ ਮਰਾੱ ਦੀ ਜ਼ਿੰਦਗੀ ਵਿਚ ਸਾਡੀ ਇਹੀ ਦਿੱਕਤ ਹੈ।

## ਸ਼ਰਤ-ਰਹਿਤ ਪ੍ਰੇਮ ਬਾ-ਸ਼ਰਤ ਹੈ

ਪ੍ਰੇਮ ''ਹੋ ਰਿਹਾ'' ਹੈ; ਸ਼ਰਤ ਰਹਿਤ ਪ੍ਰੇਮ ''ਹੋ ਰਿਹਾ'' ਹੈ। ਟਾਕ ਸ਼ੋਅ (ਥਾਟ ਸ਼ੋਅ ਨਹੀਂ) ਬਿਨਾ ਇਸ ਦੇ ਨਹੀਂ ਹੋ ਸਕਦੇ। ਖ਼ੁਦਾ ਦੇ ਪ੍ਰੇਮ ਨੂੰ ਕਮਾਇਆ, ਖ਼ਰੀਦਿਆ ਨਹੀਂ ਜਾ ਸਕਦਾ। ਖ਼ੁਦਾ ਨਾ ਤਾਂ ਸਾਡੇ ਨਾਲ ਵੱਧ ਅਤੇ ਨਾ ਘੱਟ ਪ੍ਰੇਮ ਕਰ ਸਕਦਾ ਹੈ। ਬਿਨਾ ਕਮਾਏ ਹੋਏ ਪ੍ਰੇਮ ਨੂੰ ਸ਼ਰਤ ਰਹਿਤ ਪ੍ਰੇਮ ਨਾਲ ਨਾ ਉਲਝਾਓ। ਖ਼ੁਦਾ ਸਭ ਨਾਲ ਐਨਾ ਪਿਆਰ ਕਰਦਾ ਹੈ ਜਿੰਨਾਂ ਅਸੀਂ ਉਸ ਨਾਲ ਨਹੀਂ ਕਰ ਸਕਦੇ। ਖ਼ੁਦਾ ਦੇ ਫ਼ਜ਼ਲ ਕਰਕੇ ਹੀ ਬਚਾਏ ਜਾਣ ਦਾ ਕੰਮ ਹੋਇਆ ਭਾਵ ਖ਼ੁਦਾ ਦੇ ਪਿਆਰ ਨੇ ਹੀ ਖ਼ੁਦਾ ਦਾ ਲੇਲਾ ਮੁਹੱਈਆ ਕਰਵਾਇਆ। ਪਾਪੀਆਂ ਨੂੰ ਮੁਕਤੀ ਦੀ ਪੇਸ਼ਕਸ਼ ਕੀਤੀ ਜਾਂਦੀ ਹੈ, ਭਾਵੇਂ ਉਨ੍ਹਾਂ ਨੂੰ ਇਸ ਦੀ ਇੱਛਾ ਹੋਵੇ ਤੇ ਭਾਵੇਂ ਨਾ। ਅਸੀਂ ਹਮੇਸ਼ਾ ਲਈ ਗੁਆਚੇ ਹੋਏ ਹਾਂ ਅਤੇ ਆਪਣੇ ਆਪ ਨੂੰ ਬਚਾ ਨਹੀਂ ਸਕਦੇ।

ਸ਼ਰਤ ਰਹਿਤ ਪ੍ਰੇਮ ਨੂੰ ਸ਼ਰਤ ਸਹਿਤ ਸੰਗਤੀ ਨਾਲ ਨਾ ਜੋੜੋ। ਲੂਕਾ 15 ਵਿਚ ਉਜਾੜੂ ਪੁੱਤਰ ਨੂੰ ਪਤਾ ਸੀ ਕਿ ਉਹ ਆਪਣੀ ਮਨ ਮਰਜ਼ੀ ਮੁਤਾਬਕ ਪਾਪ ਕਰਨ ਲਈ ਘਰ ਵਿਚ ਨਹੀਂ ਰਹਿ ਸਕਦਾ। ਖ਼ੁਦਾ ਘਰ ਵਿਚ, ਦੂਰ ਦੇਸ਼ ਵਿਚ, ਅਤੇ ਵਾਪਸ ਘਰ ਆਉਣ ਤੇ ਉਸ ਨੂੰ ਪਿਆਰ ਕਰਦਾ ਸੀ। ਪ੍ਰੇਮ ਕੋਈ ਮੁੱਦਾ ਨਹੀਂ ਸੀ। ਬਿਨਾ ਸ਼ਰਤਾਂ ਦੇ ਪ੍ਰੇਮ ਕਰਨਾ ਸਰਬਮੁਕਤੀਵਾਦ (ਇਹ ਵਿਚਾਰ ਕਿ ਸਭ ਬਚਾਏ ਜਾਂਦੇ ਹਨ, ਉਨ੍ਹਾਂ ਦੀ ਜ਼ਿੰਦਗੀ ਜਾਂ ਖ਼ੁਦਾ ਨੂੰ ਉਨ੍ਹਾਂ ਦਾ ਜਵਾਬ ਚਾਹੇ ਜੋ ਹੋਵੇ) ਹੈ। ਖ਼ੁਦਾ ਰੌਸ਼ਨੀ ਹੈ (1 ਯੂਹੰਨਾ 1:5)। ਰੌਸ਼ਨੀ ਦਾ ਹਨੇਰੇ ਨਾਲ ਕੋਈ ਮੇਲ ਨਹੀਂ ਹੋ ਸਕਦਾ। ਤੁਸੀਂ ਸ਼ੈਤਾਨ ਦੇ ਨਾਲ ਖ਼ੁਦਾ ਦੀ ਮੇਜ਼ ਤੇ ਨਹੀਂ ਬੈਠ ਸਕਦੇ (1 ਕੁਰਿੰਥੀਆਂ 10:21)। ਮਸੀਹ ਅਤੇ ਬਾਲ ਦਾ ਆਪਸ ਵਿਚ ਕੋਈ ਮੇਲ ਨਹੀਂ ਹੈ (2 ਕੁਰਿੰਥੀਆਂ 6:14–16)। ਸੰਗਤੀ ਸਿਰਫ਼ ਤਦੇ ਹੀ ਹੋ ਸਕਦੀ ਹੈ, ਜਦ ਅਸੀਂ ਰੌਸ਼ਨੀ ਵਿਚ ਚੱਲਦੇ ਹਾਂ (1 ਯੂਹੰਨਾ 1:7)। ਬਿਨਾ ਸਲੀਬ ਦੇ ਖ਼ੁਦਾ ਸਾਨੂੰ ਨਾ ਤਾਂ ਕਬੂਲ ਕਰੇਗਾ ਅਤੇ ਨਾ ਮਾਫ਼ ਕਰੇਗਾ, ਨਾ ਹੀ ਉਹ ਕਰ ਸਕਦਾ ਹੈ। ਜੇ ਯਿਸੂ ਦੀ ਸਲੀਬ ਜ਼ਰੂਰੀ ਹੈ, ਤਾਂ ਸਾਡੀ ਵੀ ਸਲੀਬ ਜ਼ਰੂਰੀ ਹੈ। ਖ਼ੁਦਾ ਦੇ ਫ਼ਜ਼ਲ ਨੂੰ ਕਮਾਇਆ ਤਾਂ ਨਹੀਂ ਜਾ ਸਕਦਾ, ਪਰ, ਇਸ ਵਿਚ ਸ਼ਰਤ ਜ਼ਰੂਰ ਹੈ।

ਖ਼ੁਦਾ ਦੇ ਸਭ ਵਾਅਦਿਆਂ ਵਿਚ ਸ਼ਰਤਾਂ ਹਨ। ਦਾਨ (2 ਕੁਰਿੰਥੀਆਂ 9:15) ਦੇ ਦੋ ਪਹਿਲੂ ਹੁੰਦੇ ਹਨ: (1) ਦੇਣ ਵਾਲਾ ਅਤੇ (2) ਪਾਉਣ ਵਾਲਾ। *ਦੋਹਾਂ ਦਾ ਯੋਗਦਾਨ ਹੈ!* ਤੁਸੀਂ ਕਿਸੇ ਨੂੰ ਉਦੋਂ ਤਕ ਕੁਝਨਹੀਂ ਦੇ ਸਕਦੇ ਜਦ ਤਕ ਉਹ ਲੈਣ ਨੂੰ ਤਿਆਰ ਨਾ ਹੋਵੇ। ਇਸ ਦਾਨ ਨੂੰ ਕਮਾਇਆ ਹੋਇਆ ਨਹੀਂ ਆਖਿਆ ਜਾਵੇਗਾ। ਦਾਨ ਹਾਸਲ ਕਰਨਾ ਜ਼ਰੂਰੀ ਹੈ। ਖ਼ੁਦਾ ਸਾਡੇ ਨਾਲ ਇਸ ਕਰਕੇ ਪਿਆਰ ਨਹੀਂ ਕਰਦਾ ਕਿ ਅਸੀਂ ਕੀ ਹਾਂ, ਬਲਕਿ ਅਸੀਂ ਜੋ ਵੀ ਹਾਂ, ਉਹ ਸਾਨੂੰ ਪਿਆਰ ਕਰਦਾ ਹੈ। ਖ਼ੁਦਾ ਸਭ ਦੀ ਮੁਕਤੀ ਚਾਹੁੰਦਾ ਹੈ ਅਤੇ ਉਸ ਲਈ ਉਹ ਉਪਾਅ ਕਰਦਾ ਹੈ (2 ਪਤਰਸ 3:9; 1 ਤਿਮੋਥਿਉਸ 2:4)। ਪਰ ਖ਼ੁਦਾ ਸਾਡੇ ਉੱਤੇ ਮੁਕਤੀ ਨੂੰ ਮੜ੍ਹੇਗਾ ਨਹੀਂ! ''ਹਾਂ'' ਵਿਚ ''ਨਹੀਂ'' ਹੈ। ''ਨਹੀਂ''

ਵਿਚ ''ਹਾਂ'' ਹੈ। ਅਸੀਂ ਇਸ ਨੂੰ ਕਮਾ ਨਹੀਂ ਸਕਦੇ, ਪਰ ਇਸ ਨੂੰ ਠੁਕਰਾ ਜ਼ਰੂਰ ਸਕਦੇ ਹਾਂ। ਫ਼ਜ਼ਲ ਬਹੁਤ ਹੀ ਸਾਦਗੀ ਭਰਿਆ, ਬੇਤੁਕਾਪਣ, ਤਰਕ ਵਿਰੁੱਧ ਸਮਝ ... *ਅਤੇ ਸ਼ਰਤ ਸਹਿਤ* ਹੈ! ਯਿਸੂ ਨੂੰ ਆਪਣੇ ਲਈ ਬੇਕਾਰ ਨਾ ਮਰਨ ਦਿਓ! ਅਜਿਹੇ ਕੰਮ ਹਨ ਜਿਨ੍ਹਾਂ ਨੂੰ ਖ਼ੁਦਾ ਸਾਡੇ ਵਾਸਤੇ ਨਹੀਂ ਕਰ ਸਕਦਾ, ਕਿਉਂਕਿ ਅਸੀਂ ਉਸ ਨੂੰ ਕਰਨ ਨਹੀਂ ਦਿੰਦੇ ਹਾਂ। ਖ਼ੁਦਾ ਸਾਡੇ ਨਾਲ ਤਦ ਤਕ ਗੱਲ ਨਹੀਂ ਕਰ ਸਕਦਾ ਜਦ ਤਕ ਅਸੀਂ ਉਸ ਦੀ ਸੁਣਦੇ ਨਹੀਂ ਹਾਂ। ਹਰ ਰੋਜ਼ ਖ਼ੁਦਾ ਦੀ ਕਿਰਪਾ ਨੂੰ ਕਬੂਲ ਕਰ ਲਓ।

***ਆਓ, ਮੇਰੇ ਨਾਲ ਚੱਲੋ।***

---

ਟਿੱਪਣੀ

[1]ਮਾਈਕਲ ਪੀ. ਗ੍ਰੀਨ, ਸੰਪਾ. ਇਲੱਸਟ੍ਰੇਸ਼ਨੰਜ਼ ਫ਼ਾਰ ਬਿਬਲੀਕਲ ਪ੍ਰੀਚਿੰਗ (ਗ੍ਰੈਂਡ ਰੈਪਿਡਸ: ਬੇਕਰ ਬੁਕ ਹਾਊਸ, 1989), 377.